15ਵੀਂ ਵਿਧਾਨ ਸਭਾ
ਸੱਤਵਾਂ ਸਮਾਗਮ

# ਪੰਜਾਬ ਵਿਧਾਨ ਸਭਾ
## ਬੁਲੇਟਿਨ ਨੰ. 8

**ਸ਼ੁੱਕਰਵਾਰ, 22 ਫਰਵਰੀ, 2019**
**(10.00 ਵਜੇ ਸਵੇਰ ਤੋਂ 2.30 ਵਜੇ ਬਾਅਦ ਦੁਪਹਿਰ ਤੱਕ)**

1. **ਪ੍ਰਸ਼ਨ:**

(ੳ) ਨਿਸ਼ਾਨ ਵਾਲੇ ਪ੍ਰਸ਼ਨ:

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 13 | 02 | - | 05 | 29 |

(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ: ਕੋਈ ਨਹੀਂ

2. **ਵਾਕ ਆਊਟ**

ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਮੌੜ ਮੰਡੀ ਬੰਬ ਧਮਾਕੇ ਦੇ ਮੁੱਦੇ ਤੇ ਬਹਿਸ ਨਾ ਕਰਵਾਉਣ ਵਜੋਂ ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।

3. **ਧਿਆਨ ਦਿਵਾਊ ਨੋਟਿਸ**

1. ਸ਼੍ਰੀ ਸੋਮ ਪ੍ਰਕਾਸ਼, ਐਮ.ਐਲ.ਏ ਵਲੋਂ ਫਗਵਾੜਾ ਵਿਖੇ ਸਥਿਤ "ਵਾਹਿਦ ਸੰਧਰ ਸ਼ੂਗਰਜ਼ ਲਿਮਟਿਡ" ਦੁਆਰਾ ਕਿਸਾਨਾਂ ਦੇ ਬਕਾਇਆਂ ਦੀ ਅਦਾਇਗੀ ਨਾ ਕਰਨ ਵੱਲ ਸਰਕਾਰ ਦਾ ਧਿਆਨ ਦਿਵਾਇਆ ਗਿਆ।

(ਨੰ. 18)

ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ਨੇ ਜਵਾਬ ਦਿੱਤਾ।

2. ਧਿਆਨ ਦਿਵਾਊ ਨੋਟਿਸ ਨੰ: 25 ਪੇਸ਼ ਨਹੀਂ ਕੀਤਾ ਗਿਆ।
3. ਧਿਆਨ ਦਿਵਾਊ ਨੋਟਿਸ ਨੰ: 26 ਪੇਸ਼ ਨਹੀਂ ਕੀਤਾ ਗਿਆ।

4. **ਕਾਰਜ ਸਲਾਹਕਾਰ ਕਮੇਟੀ ਦੀ ਚੌਥੀ ਰਿਪੋਰਟ**

ਮਾਨਯੋਗ ਸਪੀਕਰ ਨੇ ਕਾਰਜ ਸਲਾਹਕਾਰ ਕਮੇਟੀ ਦੀ ਚੌਥੀ ਰਿਪੋਰਟ ਸਦਨ ਵਿਚ ਪੇਸ਼ ਕੀਤੀ।

ਸੰਸਦੀ ਮਾਮਲੇ ਮੰਤਰੀ ਵੱਲੋਂ ਪੇਸ਼ ਕੀਤਾ ਗਿਆ ਨਿਮਨਲਿਖਤ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ :-

> "ਕਿ ਇਹ ਸਦਨ ਕਾਰਜ-ਸਲਾਹਕਾਰ ਕਮੇਟੀ ਦੀ ਚੌਥੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।"

5. **ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ**

ਸੰਸਦੀ ਮਾਮਲੇ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: IV ਅਧੀਨ ਦਰਸਾਏ ਗਏ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

6. **ਵਿੱਤੀ ਕੰਮ-ਕਾਰ**

1. (i) **ਸਾਲਾਂ 2011-2012, 2012-13, 2013-14 ਅਤੇ 2014-15 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੇ ਵਾਧੂ ਮੰਗਾਂ ਪੇਸ਼ ਕਰਨੀਆਂ।**

(ii) **ਸਾਲਾਂ 2011-12, 2012-13, 2013-14 ਅਤੇ 2014-15 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੇ ਵਾਧੂ ਮੰਗਾਂ ਉੱਤੇ ਵੋਟਿੰਗ।**

ਵਿੱਤ ਮੰਤਰੀ ਨੇ ਸਾਲ 2011-12, 2012-13, 2013-14 ਅਤੇ 2014-15 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੇ ਵਾਧੂ ਮੰਗਾਂ ਪੇਸ਼ ਕੀਤੀਆਂ।

ਕਾਰਜ ਸੂਚੀ ਵਿਚ ਦਰਜ ਸਾਲ 2011-12 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੇ ਵਾਧੂ ਮੰਗ ਨੰ: 8, 12, 21, ਸਾਲ 2012-13 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੇ ਵਾਧੂ ਮੰਗ ਨੰ: 7, 8, 12, 21, ਸਾਲ 2013-14 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੇ ਵਾਧੂ ਮੰਗ ਨੰ: 8, 21 ਅਤੇ ਸਾਲ 2014-15 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੇ ਵਾਧੂ ਮੰਗ ਨੰ: 8 ਇਕੱਠੀਆਂ ਹੀ ਸਦਨ ਦੀ ਬਹਿਸ ਅਤੇ ਵੋਟ ਲਈ ਰੱਖੀਆਂ ਗਈਆਂ ਅਤੇ ਪ੍ਰਵਾਨ ਹੋਈਆਂ।

(iii) ਪੰਜਾਬ ਨਮਿੱਤਣ ਬਿਲ, 2019

ਵਿੱਤ ਮੰਤਰੀ ਨੇ ਪੰਜਾਬ ਨਮਿੱਤਣ ਬਿਲ, 2019 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ਾਂ 2 ਤੋਂ 4, ਸ਼ਡਿਊਲ 1 ਤੋਂ 4, ਕਲਾਜ਼ 1 ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਵਿੱਤ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਕਿ ਪੰਜਾਬ ਨਮਿੱਤਣ ਬਿਲ, 2019 ਪਾਸ ਕੀਤਾ ਜਾਵੇ" ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

2. (i) ਵਿੱਤ ਮੰਤਰੀ ਨੇ ਸਾਲ 2018- 19 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕੀਤੀਆਂ।

(ii) ਅਨੁਮਾਨ ਕਮੇਟੀ ਦੇ ਸਭਾਪਤੀ (ਸਰਦਾਰ ਹਰਦਿਆਲ ਸਿੰਘ ਕੰਬੋਜ) ਨੇ ਸਾਲ 2018-19 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕੀਤੀ।

(iii) ਸਾਲ 2018-2019 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ।
1. ਰਾਜ ਦੇ ਮਾਲੀਏ ਤੇ ਪਾਰਿਤ ਖਰਚੇ ਦੇ ਅਨੁਮਾਨਾਂ ਤੇ ਬਹਿਸ।
2. ਅਨੁਪੂਰਕ ਗ੍ਰਾਂਟਾਂ ਲਈ ਮੰਗਾਂ ਤੇ ਵੋਟਿੰਗ।

ਕਾਰਜ ਸੂਚੀ ਵਿਚ ਦਰਜ ਮੰਗ ਨੰ: 1 ਤੋਂ 33 ਅਤੇ 35 ਤੋਂ 42 ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖੀਆਂ ਗਈਆਂ ਅਤੇ ਪ੍ਰਵਾਨ ਹੋਈਆਂ।

(vi) ਪੰਜਾਬ ਨਮਿੱਤਣ (ਨੰ: 2) ਬਿਲ, 2019

ਵਿੱਤ ਮੰਤਰੀ ਨੇ ਪੰਜਾਬ ਨਮਿੱਤਣ (ਨੰ. 2) ਬਿਲ, 2019 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ਾਂ 2 ਤੋਂ 4 ਵਿੱਚ ਕੋਈ ਸੋਧ ਨਾ ਹੋਣ ਕਾਰਣ ਇਕੱਠੀਆਂ, ਸ਼ਡਿਊਲ , ਕਲਾਜ਼ 1 ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਵਿੱਤ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਕਿ ਪੰਜਾਬ ਨਮਿੱਤਣ (ਨੰ. 2) ਬਿਲ, 2019 ਪਾਸ ਕੀਤਾ ਜਾਵੇ" ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

7. **ਸਾਲ 2019-20 ਲਈ ਬਜਟ ਅਨੁਮਾਨ**

ਸਾਲ 2019-20 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ

ਨਿਮਨਲਿਖਤ ਮੈਂਬਰਾਂ ਨੇ ਬਹਿਸ ਵਿੱਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਰਾਣਾ ਗੁਰਜੀਤ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ | 37 ਮਿੰਟ |
| 2. | ਸਰਦਾਰ ਕੁਲਤਾਰ ਸਿੰਘ ਸੰਧਵਾਂ, ਆਮ ਆਦਮੀ ਪਾਰਟੀ | 09 ਮਿੰਟ |
| 3. | ਸ਼੍ਰੀ ਬੁੱਧ ਰਾਮ, ਆਮ ਆਦਮੀ ਪਾਰਟੀ | 06 ਮਿੰਟ |
| 4. | ਡਾਕਟਰ ਰਾਜ ਕੁਮਾਰ ਚੱਬੇਵਾਲ, ਇੰਡੀਅਨ ਨੈਸ਼ਨਲ ਕਾਂਗਰਸ | 18 ਮਿੰਟ |
| 5. | ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਸ਼੍ਰੋਮਣੀ ਅਕਾਲੀ ਦਲ | 21 ਮਿੰਟ |
| 6. | ਸਰਦਾਰ ਜੈ ਕ੍ਰਿਸ਼ਨ ਸਿੰਘ, ਆਮ ਆਦਮੀ ਪਾਰਟੀ | 05 ਮਿੰਟ |
| 7. | ਸਰਦਾਰ ਸੁਖਪਾਲ ਸਿੰਘ ਭੁੱਲਰ, ਇੰਡੀਅਨ ਨੈਸ਼ਨਲ ਕਾਂਗਰਸ | 14 ਮਿੰਟ |
| 8. | ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ, ਆਮ ਆਦਮੀ ਪਾਰਟੀ | 06 ਮਿੰਟ |
| 9. | ਸਰਦਾਰ ਹਰਦਿਆਲ ਸਿੰਘ ਕੰਬੋਜ, ਇੰਡੀਅਨ ਨੈਸ਼ਨਲ ਕਾਂਗਰਸ | 19 ਮਿੰਟ |
| 10. | ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਆਮ ਆਦਮੀ ਪਾਰਟੀ | 06 ਮਿੰਟ |
| 11. | ਸਰਦਾਰ ਕੁਲਦੀਪ ਸਿੰਘ ਵੈਦ ਬੁਲਾਰਾ, ਇੰਡੀਅਨ ਨੈਸ਼ਨਲ ਕਾਂਗਰਸ | 21 ਮਿੰਟ |
| 12. | ਸ਼੍ਰੀ ਐਨ.ਕੇ.ਸ਼ਰਮਾ, ਸ਼੍ਰੋਮਣੀ ਅਕਾਲੀ ਦਲ | 09 ਮਿੰਟ |
| 13. | ਸਰਦਾਰ ਜਗਦੇਵ ਸਿੰਘ, ਆਮ ਆਦਮੀ ਪਾਰਟੀ | 06 ਮਿੰਟ |
| 14. | ਸਰਦਾਰ ਤਰਸੇਮ ਸਿੰਘ ਡੀ.ਸੀ, ਇੰਡੀਅਨ ਨੈਸ਼ਨਲ ਕਾਂਗਰਸ | 03 ਮਿੰਟ |

ਮਾਨਯੋਗ ਡਿਪਟੀ ਸਪੀਕਰ ਨੇ 1.03 ਵਜੇ ਬਾਅਦ ਦੁਪਹਿਰ ਤੋਂ 2.01 ਵਜੇ ਬਾਅਦ ਦੁਪਹਿਰ ਤੱਕ ਸਦਨ ਦੀ ਕੁਰਸੀ ਸੰਭਾਲੀ।

ਇਸ ਉਪਰੰਤ ਸਦਨ ਸੋਮਵਾਰ, ਮਿਤੀ 25 ਫਰਵਰੀ, 2019 ਦੇ 11.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ।

Chief Reporter
Punjab Vidhan Sabha Sectt.
Chandigarh

ਚੰਡੀਗੜ੍ਹ:
22 ਫਰਵਰੀ, 2019

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ ।